# Video conference of the SCO Ministers of Foreign Affairs

May 13, 2020

.........................................................................................................

## SCO ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਵੀਡੀਓ ਕਾਨਫਰੰਸ

13 ਮਈ, 2020

SCO ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਵੀਡੀਓ ਕਾਨਫਰੰਸ ਮੌਜੂਦਾ ਪ੍ਰਧਾਨ ਰੂਸ ਨੇ 13 ਮਈ, 2020 ਨੂੰ ਬੁਲਾਈ। ਰੂਸੀ ਸੰਘ ਦੇ ਵਿਦੇਸ਼ ਮੰਤਰੀ ਸ਼੍ਰੀ ਸਰਗੇਈ ਲਾਵਰੋਵ ਨੇ ਇਸ ਬੈਠਕ ਦੀ ਪ੍ਰਧਾਨਗੀ ਕੀਤੀ। ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਭਾਰਤ ਦੀ ਪ੍ਰਤੀਨਿਧਤਾ ਕੀਤੀ। ਕਜ਼ਾਕਿਸਤਾਨੀ ਗਣਰਾਜ ਦੇ ਵਿਦੇਸ਼ ਮੰਤਰੀ ਸ਼੍ਰੀ ਮੁਖਤਾਰ ਟਿਲਿਬਰਦੀ, ਚੀਨੀ ਸਟੇਟ ਕੌਂਸਲਰ ਅਤੇ ਚੀਨੀ ਲੋਕ ਗਣਰਾਜ ਦੇ ਵਿਦੇਸ਼ ਮੰਤਰੀ ਸ਼੍ਰੀ ਵੈਂਗ ਯੀ, ਕਿਰਗਿਜ਼ ਗਣਰਾਜ ਦੇ ਵਿਦੇਸ਼ ਮੰਤਰੀ ਸ਼੍ਰੀ ਚਿੰਗਿਜ਼ ਆਈਡਰਬੀਕੋਵ, ਪਾਕਿਸਤਾਨੀ ਇਸਲਾਮਿਕ ਗਣਰਾਜ ਦੇ ਵਿਦੇਸ਼ ਮੰਤਰੀ ਸ਼੍ਰੀ ਸ਼ਾਹ ਮਹਿਮੂਦ ਕੁਰੇਸ਼ੀ, ਤਜ਼ਾਕਿਸਤਾਨੀ ਗਣਰਾਜ ਦੇ ਵਿਦੇਸ਼ ਮੰਤਰੀ ਸ਼੍ਰੀ ਸਿਰੋਜਿਦਿਨ ਮੁਹਰਿਦਿਨ ਅਤੇ ਉਜ਼ਬੇਕਿਸਤਾਨ ਗਣਤੰਤਰ ਦੇ ਵਿਦੇਸ਼ ਮੰਤਰੀ ਅਬਦੁਲਾਜ਼ੀਜ਼ ਕਮਿਲੋਵ ਨੇ ਸੰਬੰਧਤ SCO ਦੇਸ਼ਾਂ ਦੀ ਪ੍ਰਤੀਨਿਧਤਾ ਕੀਤੀ। SCO ਦੇ ਸੈਕਟਰੀ ਜਨਰਲ ਸ਼੍ਰੀ ਵਲਾਦੀਮੀਰ ਨੋਰੋਵ ਅਤੇ SCO RATS ਦੀ ਕਾਰਜਕਾਰੀ ਕਮੇਟੀ ਦੇ ਡਾਇਰੈਕਟਰ ਸ਼੍ਰੀ ਜੁਮਾਖੋਣ ਗਿਓਸੋਵ ਵੀ ਇਸ ਬੈਠਕ ਵਿੱਚ ਸ਼ਾਮਲ ਹੋਏ।

ਇਹ ਵੀਡਿਓ ਕਾਨਫਰੰਸ COVID-19 ਮਹਾਂਮਾਰੀ ਦੇ ਸੰਕਟ ਦੇ ਪਿਛੋਕੜ 'ਚ ਕਰਾਈ ਗਈ ਸੀ ਅਤੇ ਇਥੇ ਹੋਈ ਗੱਲਬਾਤ COVID-19 ਸੰਕਟ ਦੇ ਵਪਾਰਕ, ਆਰਥਿਕ ਅਤੇ ਸਮਾਜਿਕ ਸਿੱਟਿਆਂ ਨਾਲ ਨਜਿੱਠਣ ਦੇ ਯਤਨਾਂ ਵਿੱਚ ਤਾਲਮੇਲ ਬਣਾਉਣ ਉੱਤੇ ਕੇਂਦਰਤ ਰਹੀ। SCO ਦੇ ਵਿਦੇਸ਼ ਮੰਤਰੀਆਂ ਨੇ ਸੇਂਟ ਪੀਟਰਸਬਰਗ ਵਿੱਚ SCO ਕੌਂਸਲ ਆਫ਼ ਹੈਡਜ਼ ਆਫ਼ ਸਟੇਟ ਮੀਟਿੰਗ (SCO) ਦੀਆਂ ਤਿਆਰੀਆਂ, ਅਫਗਾਨਿਸਤਾਨ ਦੇ ਹਾਲਾਤ ਅਤੇ ਦੂਜੀ ਆਲਮੀ ਜੰਗ ਦੀ 75ਵੀਂ ਵਰ੍ਹੇਗੰਢ ਦੇ ਯਾਦਗਾਰੀ ਸਮਾਰੋਹ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ।

ਵਿਦੇਸ਼ ਮੰਤਰੀ ਨੇ ਆਪਣੀ ਟਿੱਪਣੀ ਕਰਦੇ ਹੋਏ ਇਸ ਖਾਸ ਬੈਠਕ ਲਈ ਰੂਸੀ ਵਿਦੇਸ਼ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ COVID -19 ਮਹਾਂਮਾਰੀ ਖਿਲਾਫ ਸਾਂਝੀ ਜੰਗ ਲੜਨ ਅਤੇ SCO ਮੈਂਬਰ ਦੇਸ਼ਾਂ ਨਾਲ ਜਾਣਕਾਰੀ, ਮਹਾਰਤ ਅਤੇ ਸਰਬੋਤਮ ਪ੍ਰਥਾਵਾਂ ਸਾਂਝੀਆਂ ਕਰਨ ਲਈ ਆਪਣੇ ਤਿਆਰ ਹੋਣ ਦੀ ਗੱਲ ਮੁੜ ਦੁਹਰਾਈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ SCO ਨਾਲ ਆਪਣੇ ਸੰਬੰਧਾਂ ਨੂੰ ਬਹੁਤ ਮਹੱਤਵ ਦਿੰਦਾ ਹੈ ਅਤੇ ਇਸਨੇ 2017 ਵਿੱਚ SCO ਦਾ ਪੂਰਨ ਮੈਂਬਰ ਬਣਨ ਤੋਂ ਬਾਅਦ ਕੌਮਾਂਤਰੀ ਪੱਧਰ 'ਤੇ SCO ਦੀ ਭੂਮਿਕਾ ਨੂੰ ਹੋਰ ਵਧਾਉਣ ਵਿੱਚ ਸਕਾਰਾਤਮਕ ਯੋਗਦਾਨ ਦਿੱਤਾ ਹੈ। ਉਨ੍ਹਾਂ ਨੇ ਇਹ ਭਰੋਸਾ ਵੀ ਦਿੱਤਾ ਕਿ ਭਾਰਤ ਆਪਸੀ ਤੌਰ 'ਤੇ ਲਾਹੇਵੰਦ ਵਿਕਾਸ ਲਈ SCO ਦੀਆਂ ਸੰਭਾਵਨਾਂਵਾਂ ਨੂੰ ਮਜ਼ਬੂਤ ਬਣਾਉਣ ਲਈ ਵਿਆਪਕ ਜੁੜਾਅ ਜਾਰੀ ਰੱਖੇਗਾ।

ਵਿਦੇਸ਼ ਮੰਤਰੀ ਨੇ ਮਹਾਂਮਾਰੀ ਤੋਂ ਬਾਅਦ ਭਾਰਤ ਦੁਆਰਾ ਸ਼ੁਰੂ ਕੀਤੀਆਂ ਗਈਆਂ ਪਹਿਲਾਂ ਅਤੇ ਕਈ ਫ਼ੈਸਲਾਕੁਨ ਕਦਮਾਂ 'ਤੇ ਚਾਨਣਾ ਪਾਇਆ, ਜਿਨ੍ਹਾਂ ਵਿੱਚ ਕੱਲ੍ਹ ਐਲਾਨਿਆ ਗਿਆ 266 ਅਰਬ ਡਾਲਰ ਦਾ ਆਰਥਿਕ ਪੈਕੇਜ ਵੀ ਸ਼ਾਮਲ ਹੈ।

ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸੁਰੱਖਿਆ ਦੇ ਮਾਮਲੇ 'ਚ ਅੱਜ ਸਾਡੇ ਅੱਗੇ ਦਰਪੇਸ਼ ਚੁਣੌਤੀਆਂ ਭੌਤਿਕ ਜਾਂ ਸਿਆਸੀ ਸਰਹੱਦਾਂ ਨਾਲ ਨਹੀਂ ਜੁੜੀਆਂ ਹਨ। ਅੱਤਵਾਦ ਅਜੇ ਵੀ SCO ਖਿੱਤੇ ਅੰਦਰ ਸੁਰੱਖਿਆ ਅਤੇ ਸਥਿਰਤਾ ਲਈ ਵੱਡਾ ਖ਼ਤਰਾ ਬਣਿਆ ਹੋਇਆ ਹੈ ਅਤੇ ਇਸ ਲਈ ਸਮੂਹਿਕ ਕਾਰਵਾਈ ਲੋੜੀਂਦੀ ਹੈ।

ਵਿਦੇਸ਼ ਮੰਤਰੀ ਨੇ ਇਹ ਇਸ਼ਾਰਾ ਵੀ ਕੀਤਾ ਕਿ ਭਾਰਤ SCO ਮੈਂਬਰਾਂ ਦਰਮਿਆਨ ਆਪਸੀ ਤੌਰ ਤੇ ਲਾਹੇਵੰਦ ਵਪਾਰਕ-ਆਰਥਿਕ ਸਹਿਯੋਗ ਲਈ ਚੰਗੇ ਮਾਹੌਲ ਦੀ ਸਿਰਜਣਾ ਲਈ ਕੰਮ ਕਰਨ ਪ੍ਰਤੀ ਵਚਨਬੱਧ ਹੈ।

SCO ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਬੈਠਕ ਦੇ ਅਖੀਰ ਵਿੱਚ ਕੋਰੋਨਾਵਾਯਰਸ ਮਹਾਂਮਾਰੀ (COVID -19) ਸੰਬੰਧਤ ਇੱਕ ਬਿਆਨ ਨੂੰ ਮੰਜ਼ੂਰੀ ਦੇ ਕੇ ਅਪਣਾਇਆ।

ਨਵੀਂ ਦਿਲੀ
13 ਮਈ, 2020

DISCLAIMER: This is an approximate translation. The original is available in English on MEA's website and may be referred to as the official press release.